# HARJOT BAINS ORDERS TO GO ONSLAUGHT AGAINST ILLEGAL MINING

**• Directs Rupnagar Dist authorities to immediately seal unregistered crushers and equip Legal sites with CCTV cameras within 15 days**

**• Also asks to secure Agampur Bridge area with barbered wires**

**• District authorities asked to ensure round-the-clock vigilance to prevent illegal mining activities**

**• Experts from IIT, Rupnagar to conduct site surveys to verify compliance & identify any violations, says Harjot Bains**

Chandigarh, March 1:

Going onslaught against the illegal mining, Punjab Education Minister and MLA from Anandpur Sahib, S. Harjot Singh Bains, on Saturday, has issued a slew of directives including the immediate sealing of unregistered crushers and the installation of CCTV cameras at all registered sites, critical routes and hotspots within 15 days across the Rupnagar district.

S. Harjot Singh Bains directed the district authorities to seal all unregistered crushers immediately and there should not be any generator at the unauthorised sites. He also asked to ensure installation of high-resolution night vision closed circuit television (CCTV) cameras with 360-degree view at registered crushers, besides installing CCTV cameras on all critical routes and pathways, which could be used for transporting mining materials, as well as in areas identified as hotspots for illegal mining.

To increase transparency in mining operations, the Education Minister has also directed authorities to verify the records of past three months of those crushers against whom complaints were received. This verification must be completed within 15 days.

S. Harjot Singh Bains also directed to seal the Agampur Bridge area, where illegal mining activities were reported. He said that the area must be secured with barbed wires and the display boards should be installed with warning that trespassers will be prosecuted.

He also ordered all JEs and SDOs to ensure round-the-clock vigilance to prevent illegal mining activities, while emphasising holding district officials accountable

for any negligence or collusion with illegal mining operators, regardless of their influence or political connections.

Contractors operating at all legal mining sites have also been strictly warned against engaging in any unfair practices. They are prohibited from exceeding their designated mining areas, he added.

The Education Minister informed that a team of experts from IIT, Rupnagar will conduct site surveys to verify compliance and identify any violations. Contractors found exceeding their authorised mining area will face severe penalties and legal action.

He said the Chief Minister S. Bhagwant Singh Mann led Punjab Government has adopted zero-tolerance policy towards illegal mining. He stated that anyone found engaging in this illegal practice will face severe consequences.

**ਹਰਜੋਤ ਬੈਂਸ ਵੱਲੋਂ ਗ਼ੈਰਕਾਨੂੰਨੀ ਮਾਈਨਿੰਗ ਖ਼ਿਲਾਫ਼ ਆਰ-ਪਾਰ ਦੀ ਲੜਾਈ ਦੇ ਹੁਕਮ**

**• ਰੂਪਨਗਰ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਗ਼ੈਰ-ਰਜਿਸਟਰਡ ਕਰੱਸ਼ਰਾਂ ਨੂੰ ਤੁਰੰਤ ਸੀਲ ਕਰਨ ਅਤੇ 15 ਦਿਨਾਂ ਦੇ ਅੰਦਰ ਕਾਨੂੰਨੀ ਸਾਈਟਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਆਦੇਸ਼**

**• ਅਗਮਪੁਰ ਪੁਲ ਵਾਲੇ ਇਲਾਕੇ ਉੱਤੇ ਕੰਡਿਆਲੀ ਤਾਰ ਲਗਾਉਣ ਲਈ ਵੀ ਕਿਹਾ**

**• ਜ਼ਿਲ੍ਹਾ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਰੋਕਣ ਲਈ 24 ਘੰਟੇ ਚੌਕਸੀ ਯਕੀਨੀ ਬਣਾਉਣ ਦੇ ਨਿਰਦੇਸ਼**

**• ਆਈ.ਆਈ.ਟੀ., ਰੂਪਨਗਰ ਦੇ ਮਾਹਿਰ ਉਲੰਘਣਾ ਦੀ ਪਛਾਣ ਲਈ ਮਾਈਨਿੰਗ ਸਾਈਟਾਂ ਦਾ ਕਰਨਗੇ ਸਰਵੇਖਣ: ਹਰਜੋਤ ਬੈਂਸ**

**ਚੰਡੀਗੜ੍ਹ, 1 ਮਾਰਚ:**

**ਗ਼ੈਰ-ਕਾਨੂੰਨੀ ਮਾਈਨਿੰਗ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਆਨੰਦਪੁਰ ਸਾਹਿਬ ਤੋਂ ਵਿਧਾਇਕ ਸ. ਹਰਜੋਤ ਸਿੰਘ ਬੈਂਸ ਨੇ ਅੱਜ ਰੂਪਨਗਰ ਜ਼ਿਲ੍ਹੇ ਵਿੱਚ ਗ਼ੈਰ-ਰਜਿਸਟਰਡ ਕਰੱਸ਼ਰਾਂ ਨੂੰ ਤੁਰੰਤ ਸੀਲ ਕਰਨ ਅਤੇ 15 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਰਜਿਸਟਰਡ ਮਾਈਨਿੰਗ ਸਾਈਟਾਂ, ਮਹੱਤਵਪੂਰਨ ਰੂਟਾਂ ਅਤੇ ਹੌਟਸਪੌਟਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣਾ ਸਮੇਤ ਹੋਰ ਕਈ ਅਹਿਮ ਹੁਕਮ ਜਾਰੀ ਕੀਤੇ ਹਨ।**

**ਸ. ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਸਾਰੇ ਗੈਰ-ਰਜਿਸਟਰਡ ਕਰੱਸ਼ਰਾਂ ਨੂੰ ਤੁਰੰਤ ਸੀਲ ਕਰਨ ਦੇ ਹੁਕਮ ਦਿੰਦਿਆਂ ਕਿਹਾ ਕਿ ਅਣਅਧਿਕਾਰਤ ਥਾਵਾਂ 'ਤੇ ਕੋਈ ਜੈਨਰੇਟਰ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਸਾਰੇ ਰਜਿਸਟਰਡ ਕਰੱਸ਼ਰਾਂ 'ਤੇ 360-ਡਿਗਰੀ ਵਿਊ ਵਾਲੇ ਹਾਈ-ਰੈਜ਼ੋਲਿਊਸ਼ਨ ਨਾਈਟ ਵਿਜ਼ਨ ਕਲੋਜ਼ ਸਰਕਟ ਟੈਲੀਵਿਜ਼ਨ**

(ਸੀ.ਸੀ.ਟੀ.ਵੀ.) ਕੈਮਰੇ ਲਗਾਉਣ ਦੇ ਵੀ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਨੇ ਮਾਈਨਿੰਗ ਸਮੱਗਰੀ ਦੀ ਢੋਆ-ਢੁਆਈ ਲਈ ਵਰਤੇ ਜਾਂਦੇ ਸਾਰੇ ਮਹੱਤਵਪੂਰਨ ਰੂਟਾਂ ਅਤੇ ਗੈਰ-ਕਾਨੂੰਨੀ ਮਾਈਨਿੰਗ ਲਈ ਹੌਟਸਪੌਟ ਵਜੋਂ ਪਛਾਣੇ ਗਏ ਖੇਤਰਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਲਈ ਵੀ ਕਿਹਾ।

ਮਾਈਨਿੰਗ ਗਤੀਵਿਧੀਆਂ ਵਿੱਚ ਪਾਰਦਰਸ਼ਤਾ ਵਧਾਉਣ ਲਈ, ਸਿੱਖਿਆ ਮੰਤਰੀ ਨੇ ਅਧਿਕਾਰੀਆਂ ਨੂੰ ਉਨ੍ਹਾਂ ਕਰੱਸ਼ਰਾਂ ਦੇ ਪਿਛਲੇ ਤਿੰਨ ਮਹੀਨਿਆਂ ਦੇ ਰਿਕਾਰਡ ਦੀ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ ਜਿਨ੍ਹਾਂ ਵਿਰੁੱਧ ਸਥਾਨਕ ਲੋਕਾਂ ਵੱਲੋਂ ਸ਼ਿਕਾਇਤਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਹ ਜਾਂਚ 15 ਦਿਨਾਂ ਦੇ ਅੰਦਰ ਮੁਕੰਮਲ ਕੀਤੀ ਜਾਣੀ ਚਾਹੀਦੀ ਹੈ।

ਸ. ਹਰਜੋਤ ਸਿੰਘ ਬੈਂਸ ਨੇ ਅਗਮਪੁਰ ਪੁਲ ਨਾਲ ਲਗਦੇ ਖੇਤਰ ਨੂੰ ਸੀਲ ਕਰਨ ਦੇ ਵੀ ਨਿਰਦੇਸ਼ ਦਿੱਤੇ, ਜਿੱਥੇ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਦੀ ਰਿਪੋਰਟ ਮਿਲੀ ਸੀ। ਉਨ੍ਹਾਂ ਕਿਹਾ ਕਿ ਇਸ ਖੇਤਰ ਨੂੰ ਕੰਡਿਆਲੀਆਂ ਤਾਰਾਂ ਨਾਲ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਸਬੰਧੀ ਚੇਤਾਵਨੀ ਵਾਲੇ ਪ੍ਰਦਰਸ਼ਨੀ ਬੋਰਡ ਵੀ ਲਗਾਏ ਜਾਣੇ ਚਾਹੀਦੇ ਹਨ।

ਉਨ੍ਹਾਂ ਨੇ ਸਾਰੇ ਜੇ.ਈਜ਼ ਅਤੇ ਐਸ.ਡੀ.ਓਜ਼ ਨੂੰ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਰੋਕਣ ਲਈ 24 ਘੰਟੇ ਚੌਕਸੀ ਯਕੀਨੀ ਬਣਾਉਣ ਦੇ ਹੁਕਮ ਦਿੱਤੇ। ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਗੈਰ-ਕਾਨੂੰਨੀ ਮਾਈਨਿੰਗ ਅਪਰੇਟਰਾਂ ਨਾਲ ਮਿਲੀਭੁਗਤ ਜਾਂ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ।

ਸਾਰੀਆਂ ਕਾਨੂੰਨੀ ਮਾਈਨਿੰਗ ਸਾਈਟਾਂ 'ਤੇ ਕੰਮ ਕਰਨ ਵਾਲੇ ਠੇਕੇਦਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਹੋਣ ਖ਼ਿਲਾਫ਼ ਸਖ਼ਤ ਚੇਤਾਵਨੀ ਦਿੰਦਿਆਂ ਸ. ਬੈਂਸ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਨਿਰਧਾਰਤ ਮਾਈਨਿੰਗ ਖੇਤਰਾਂ ਤੋਂ ਬਾਹਰ ਮਾਈਨਿੰਗ ਕਰਨ ਦੀ ਮਨਾਹੀ ਹੈ। ਠੇਕੇਦਾਰਾਂ ਨੂੰ ਆਪਣੇ ਅਧਿਕਾਰਤ ਮਾਈਨਿੰਗ ਖੇਤਰ ਤੋਂ ਬਾਹਰ ਮਾਈਨਿੰਗ ਕਰਦੇ ਪਾਇਆ ਗਿਆ ਤਾਂ ਭਾਰੀ ਜੁਰਮਾਨੇ ਸਮੇਤ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਆਈ.ਆਈ.ਟੀ., ਰੂਪਨਗਰ ਦੇ ਮਾਹਿਰਾਂ ਦੀ ਇੱਕ ਟੀਮ ਵੱਲੋਂ ਮਾਈਨਿੰਗ ਸਾਈਟਾਂ ਦਾ ਸਰਵੇਖਣ ਕੀਤਾ ਜਾਵੇ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਦਾ ਪਤਾ ਲਗਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਗੈਰ-ਕਾਨੂੰਨੀ ਮਾਈਨਿੰਗ ਪ੍ਰਤੀ ਜ਼ੀਰੋ-ਟੌਲਰੈਂਸ ਨੀਤੀ ਅਪਣਾਈ ਹੈ। ਉਨ੍ਹਾਂ ਕਿਹਾ ਕਿ ਇਸ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

**हरजोत बैंस द्वारा अवैध माइनिंग के खिलाफ आर-पार की लड़ाई के आदेश**

**रूपनगर के जिला अधिकारियों को अवैध (ग़ैर-पंजीकृत) क्रशरों को तुरंत सील करने और 15 दिनों के भीतर कानूनी साइटों पर सीसीटीवी कैमरे लगाने के निर्देश**

**अगमपुर पुल वाले क्षेत्र में कंटीले तार लगाने के भी आदेश**

**जिला अधिकारियों को अवैध खनन गतिविधियों को रोकने के लिए 24 घंटे चौकसी सुनिश्चित करने के निर्देश**

**आईआईटी, रूपनगर के विशेषज्ञ खनन स्थलों का सर्वेक्षण कर उल्लंघनों की पहचान करेंगे: हरजोत बैंस**

**चंडीगढ़, 1 मार्च:**

अवैध खनन के खिलाफ सख्त कार्रवाई करते हुए, पंजाब के शिक्षा मंत्री और आनंदपुर साहिब से विधायक स हरजोत सिंह बैंस ने आज रूपनगर जिले में सभी गैर-पंजीकृत क्रशरों को तुरंत सील करने और 15 दिनों के भीतर सभी पंजीकृत खनन स्थलों, महत्वपूर्ण मार्गों और हॉटस्पॉट्स पर सीसीटीवी कैमरे लगाने सहित कई अहम आदेश जारी किए हैं।

स हरजोत सिंह बैंस ने जिला अधिकारियों को सभी गैर-पंजीकृत क्रशरों को तुरंत सील करने के आदेश देते हुए कहा कि अनधिकृत स्थानों पर कोई जनरेटर नहीं होना चाहिए। उन्होंने सभी पंजीकृत क्रशरों पर 360-डिग्री व्यू वाले हाई-रिज़ॉल्यूशन नाइट विजन सीसीटीवी कैमरे लगाने के निर्देश भी दिए हैं। उन्होंने खनन सामग्री की ढुलाई में इस्तेमाल होने वाले सभी महत्वपूर्ण मार्गों और अवैध खनन के लिए पहचाने गए हॉटस्पॉट्स पर भी सीसीटीवी कैमरे लगाने के आदेश दिए।

खनन गतिविधियों में पारदर्शिता बढ़ाने के लिए, शिक्षा मंत्री ने अधिकारियों को उन क्रशरों के पिछले तीन महीनों के रिकॉर्ड की जांच करने के निर्देश भी दिए, जिनके खिलाफ स्थानीय लोगों द्वारा शिकायतें की गई हैं। उन्होंने कहा कि यह जांच 15 दिनों के भीतर पूरी हो जानी चाहिए।

स हरजोत सिंह बैंस ने अगमपुर पुल के पास के क्षेत्र को सील करने के भी निर्देश दिए, जहां अवैध खनन गतिविधियों की रिपोर्ट मिली थी। उन्होंने कहा कि इस क्षेत्र को कंटीली तारों से सुरक्षित किया जाना चाहिए और उल्लंघन करने वालों के खिलाफ कड़ी कानूनी कार्रवाई की चेतावनी वाले बोर्ड भी लगाए जाने चाहिए।

उन्होंने सभी जेई (जूनियर इंजीनियर) और एसडीओ (सब-डिविजनल ऑफिसर) को अवैध खनन गतिविधियों को रोकने के लिए 24 घंटे चौकसी सुनिश्चित करने के आदेश दिए। उन्होंने जिला अधिकारियों से कहा कि अवैध खनन संचालकों से मिलीभगत या किसी भी प्रकार की लापरवाही बरतने वाले अधिकारियों और कर्मचारियों की जवाबदेही तय की जाएगी।

सभी कानूनी खनन स्थलों पर काम करने वाले ठेकेदारों को किसी भी प्रकार की अवैध गतिविधि में शामिल न होने की सख्त चेतावनी देते हुए स बैंस ने कहा कि उन्हें अपने निर्धारित खनन क्षेत्रों से बाहर खनन करने की अनुमति नहीं है। यदि कोई ठेकेदार अपने अधिकृत खनन क्षेत्र से बाहर खनन करता पाया गया तो उस पर भारी जुर्माने के साथ कड़ी कानूनी कार्रवाई की जाएगी।

शिक्षा मंत्री ने बताया कि आईआईटी, रूपनगर के विशेषज्ञों की एक टीम खनन स्थलों का सर्वेक्षण करेगी, ताकि किसी भी तरह के उल्लंघन का पता लगाया जा सके।

उन्होंने कहा कि मुख्यमंत्री स भगवंत सिंह मान के नेतृत्व वाली पंजाब सरकार ने अवैध खनन के प्रति ज़ीरो-टॉलरेंस नीति अपनाई है। उन्होंने कहा कि इस अवैध गतिविधि में शामिल लोगों को गंभीर परिणाम भुगतने होंगे।
----------